GENERAL SHIVDEV SINGH DIWAN GURBACHAN SINGH

# KHALSA COLLEGE PATIALA

## AN AUTONOMOS COLLEGE

SAHIT SABHA

PUNJABI DEPATMENT

Students Attendance in Co-curricular Activities

Session – 2016-17

Name of Activity - Our Language Our Dignity Lecture Dedicated to Mother Language Day
Teacher Coordinator - Prof.Paramjit Kaur
Convener - Dr.Davinder Singh
Date - 21. Feb. 2017
No. of the Students Participated – 60






ਜਨਰਲ ਸ਼ਿਵਦੇਵ ਸਿੰਘ ਦੀਵਾਨ ਗੁਰਬਚਨ ਸਿੰਘ
ਖ਼ਾਲਸਾ ਕਾਲਜ ਪਟਿਆਲਾ
ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਵੱਲੋਂ
ਵਿਸ਼ਵ ਮਾਂ-ਬੋਲੀ ਦਿਵਸ
ਦੇ ਸ਼ੁਭ ਅਵਸਰ 'ਤੇ ਮਾਖਿਓਂ ਮਿੱਠੀ ਪੰਜਾਬੀ ਬੋਲੀ 'ਤੇ ਫ਼ਖ਼ਰ ਕਰਦਿਆਂ
'ਸਾਡੀ ਬੋਲੀ ਸਾਡਾ ਮਾਣ' ਸਮਾਗਮ
ਮਿਤੀ 21 ਫ਼ਰਵਰੀ, 2017



22 FEB. 2017



ਖ਼ਾਲਸਾ ਕਾਲਜ ਪਟਿਆਲਾ ਵੱਲੋਂ ਮਨਾਏ ਗਏ ਵਿਸ਼ਵ ਮਾਂ-ਬੋਲੀ ਦਿਵਸ ਮੌਕੇ ਡਾ. ਸਤੀਸ਼ ਕੁਮਾਰ ਵਰਮਾ, ਅਤੇ ਸ. ਅਜਾਇਬ ਸਿੰਘ ਚੱਠਾ ਨੂੰ ਸਨਮਾਨਿਤ ਕਰਦੇ ਹੋਏ ਕਾਲਜ ਪ੍ਰਿੰਸੀਪਲ ਡਾ. ਧਰਮਿੰਦਰ ਸਿੰਘ ਊੱਭਾ ਅਤੇ ਪੰਜਾਬੀ ਵਿਭਾਗ ਦੇ ਸਮੂਹ ਅਧਿਆਪਕ ਸਾਹਿਬਾਨ। ਅਜੀਤ ਤਸਵੀਰ

# ਖ਼ਾਲਸਾ ਕਾਲਜ ਵੱਲੋਂ 'ਸਾਡੀ ਬੋਲੀ ਸਾਡਾ ਮਾਣ' ਸਮਾਗਮ

ਪਟਿਆਲਾ, 21 ਫਰਵਰੀ (ਗੁਰਪ੍ਰੀਤ ਸਿੰਘ ਚੱਠਾ)-ਖ਼ਾਲਸਾ ਕਾਲਜ ਪਟਿਆਲਾ ਦੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਵੱਲੋਂ ਵਿਸ਼ਵ ਮਾਂ-ਬੋਲੀ ਦਿਵਸ ਦੇ ਮੌਕੇ 'ਤੇ 'ਸਾਡੀ ਬੋਲੀ ਸਾਡਾ ਮਾਣ' ਸਮਾਗਮ ਆਯੋਜਿਤ ਕੀਤਾ ਗਿਆ। ਇਸ ਮੌਕੇ ਡਾ. ਸਤੀਸ਼ ਕੁਮਾਰ ਵਰਮਾ, ਪ੍ਰੋਫੈਸਰ ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਕੈਨੇਡਾ ਤੋਂ ਆਏ ਅਜਾਇਬ ਸਿੰਘ ਚੱਠਾ ਨੇ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕੀਤੀ। ਪੰਜਾਬੀ ਵਿਭਾਗ ਦੇ ਇਹ ਸਮਾਗਮ ਆਯੋਜਿਤ ਕਰਨ ਦਾ ਮੁੱਖ ਮਕਸਦ ਵਿਦਿਆਰਥੀਆਂ ਅੰਦਰ ਮਾਂ-ਬੋਲੀ ਪੰਜਾਬੀ ਪ੍ਰਤੀ ਪਿਆਰ ਪੈਦਾ ਕਰਨਾ ਅਤੇ ਉਸ ਦੇ ਮਹੱਤਵ ਤੋਂ ਜਾਣੂ ਕਰਵਾਉਣਾ ਸੀ। ਡਾ. ਸਤੀਸ਼ ਕੁਮਾਰ ਵਰਮਾ ਨੇ ਸੰਬੋਧਿਤ ਹੁੰਦੇ ਹੋਏ ਕਿਹਾ ਕਿ ਪੰਜਾਬੀ ਸ਼ਬਦਾਰਥਾਂ ਨੂੰ ਪੰਜਾਬੀਆਂ ਦੀ ਮਾਨਸਿਕਤਾ ਅਤੇ ਸਭਿਆਚਾਰਕ ਰਹੁ-ਰੀਤਾਂ ਨਾਲ ਜੋੜ ਕੇ ਪੰਜਾਬੀ ਭਾਸ਼ਾ ਦੀ ਅਮੀਰੀ ਨੂੰ ਪੇਸ਼ ਕੀਤਾ। ਉਨ੍ਹਾਂ ਨੇ ਇਹ ਵੀ ਕਿਹਾ ਕਿ ਪੰਜਾਬੀ ਭਾਸ਼ਾ ਦੀ ਖੁੱਲ੍ਹਦਿਲੀ ਹੈ ਕਿ ਇਸ ਵਿਚ ਬਹੁਤ ਸਾਰੀਆਂ ਭਾਸ਼ਾਵਾਂ ਦੇ ਸ਼ਬਦ ਸ਼ਾਮਿਲ ਹਨ। ਅਜਾਇਬ ਸਿੰਘ ਚੱਠਾ ਨੇ ਪੰਜਾਬੀ ਮਾਂ ਬੋਲੀ ਦੀ ਮਹੱਤਤਾ ਦਰਸਾਉਂਦਿਆਂ ਕਿਹਾ ਕਿ ਮਨੁੱਖੀ ਜਜ਼ਬਿਆਂ ਦਾ ਸਹੀ ਪ੍ਰਗਟਾਵਾ ਆਪਣੀ ਮਾਂ-ਬੋਲੀ ਵਿਚ ਹੀ ਹੋ ਸਕਦਾ ਹੈ। ਉਨ੍ਹਾਂ ਮਾਂ-ਬੋਲੀ ਨੂੰ ਦਿਲ ਦੀ ਜ਼ੁਬਾਨ ਕਹਿੰਦਿਆਂ ਇਸ ਨੂੰ ਡੂੰਘਾਈ ਨਾਲ ਪਹਿਚਾਨਣ, ਸਮਝਣ ਅਤੇ ਸਿਖਾਉਣ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਇਹ ਵੀ ਕਿਹਾ ਕਿ ਪੰਜਾਬੀ ਭਾਸ਼ਾ ਦੇ ਸਹੀ ਵਿਕਾਸ ਲਈ ਇਹ ਜ਼ਰੂਰੀ ਹੈ ਕਿ ਇਸ ਨੂੰ ਗਿਆਨ ਅਤੇ ਵਿਗਿਆਨ ਦੀ ਭਾਸ਼ਾ ਬਣਾਇਆ ਜਾਵੇ।

ਕਾਲਜ ਪ੍ਰਿੰਸੀਪਲ ਡਾ. ਧਰਮਿੰਦਰ ਸਿੰਘ ਉੱਭਾ ਨੇ ਪਹੁੰਚੇ ਵਿਸ਼ੇਸ਼ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ 'ਅੰਤਰਰਾਸ਼ਟਰੀ ਮਾਤ-ਭਾਸ਼ਾ ਦਿਵਸ' ਦੀ ਮਹੱਤਤਾ ਦੱਸਦਿਆਂ ਕਿਹਾ ਕਿ ਇਹ ਦਿਹਾੜਾ ਆਪਣੀ ਬੋਲੀ ਦੇ ਵਿਸਥਾਰ, ਹੋਂਦ ਅਤੇ ਉਸ ਨੂੰ ਬੇਦਾਗ਼ ਰੱਖਣ ਲਈ ਸਮਾਜ ਵਿਚ ਚੇਤਨਤਾ ਪੈਦਾ ਕਰਦਾ ਹੈ। ਉਨ੍ਹਾਂ ਨੇ ਕਿਹਾ ਕਿ ਪੰਜਾਬੀ ਭਾਸ਼ਾ ਦਾ ਘੇਰਾ ਭਾਵੇਂ ਸਮੁੱਚੇ ਵਿਸ਼ਵ ਤਕ ਫੈਲਿਆ ਹੋਇਆ ਹੈ ਪਰ ਸਿੱਖਿਆ ਦੇ ਮਾਧਿਅਮ ਪੱਖੋਂ ਹਾਲੇ ਇਹ ਭਾਸ਼ਾ ਇੰਨੀ ਵਿਕਸਤ ਨਹੀਂ ਹੋਈ। ਸੰਬੰਧਿਤ ਵਿਭਾਗ ਦੇ ਮੁਖੀ ਪ੍ਰੋ: ਪਰਮਜੀਤ ਕੌਰ ਨੇ ਸਾਰਿਆਂ ਨੂੰ ਵਿਸ਼ਵ ਮਾਤ ਭਾਸ਼ਾ ਦਿਵਸ ਦੀ ਵਧਾਈ ਦਿੱਤੀ ਅਤੇ ਪਹੁੰਚੀਆਂ ਵਿਸ਼ੇਸ਼ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ। ਇਸ ਸਮਾਗਮ ਦੌਰਾਨ ਪੰਜਾਬੀ ਸਾਹਿਤ ਸਭਾ ਦੇ ਕਨਵੀਨਰ ਡਾ. ਦਵਿੰਦਰ ਸਿੰਘ ਨੇ ਬਾਖ਼ੂਬੀ ਮੰਚ ਦਾ ਸੰਚਾਲਨ ਕੀਤਾ। ਇਸ ਮੌਕੇ ਸੰਗੀਤ ਵਿਭਾਗ ਦੇ ਵਿਦਿਆਰਥੀਆਂ ਨੇ ਗੀਤ ਵੀ ਪੇਸ਼ ਕੀਤਾ।

FROM Colleges

**Int'l Mother Language Day observed**

**Patiala:** The Post Graduate Department of Punjabi, Khalsa College, celebrated International Mother Language Day by organising a programme "Sadi Boli Sada Maan" in Punjabi language. Dr Satish Kumar Verma, Professor of the Department of Punjabi, Punjabi University, Patiala, and Ajaib Singh Chattha from Canada were the chief guests. The aim of organising this programme was to imbibe the feelings of love and respect among students regarding the relevance of mother tongue Punjabi. Dr Satish Verma, while elucidating upon the value of Punjabi language, said right expression of a person's feelings and emotions was possible only through mother tongue. Hence it was mandatory for everyone to understand the deep insights of language. Dr Dharminder Singh Ubha, principal of Khalsa College, told about the significance of celebrating International Mother Language Day. Dr Dharminder Singh Ubha said: "We must step forward to preserve our mother tongue language which is indeed our root". — TNS